# ਵਾਲੰਟੀਅਰਾਂ ਦੀ ਭਰਤੀ ਕਰਨਾ

volunteering VICTORIA

## Recruiting Volunteers

### ਗਾਈਡ / Guide

Punjabi | ਪੰਜਾਬੀ

**ਭਰਤੀ ਸਿਰਫ਼ ਤੁਹਾਡੇ ਪ੍ਰੋਗਰਾਮ ਲਈ ਲੋੜੀਂਦੇ ਵਾਲੰਟੀਅਰਾਂ ਨੂੰ ਆਕਰਸ਼ਿਤ ਕਰਨ ਬਾਰੇ ਨਹੀਂ ਹੈ; ਤੁਹਾਨੂੰ ਸਹੀ ਲੋਕਾਂ ਦੀ ਲੋੜ ਹੈ, ਅਤੇ ਤੁਸੀਂ ਚਾਹੁੰਦੇ ਹੋ ਕਿ ਉਹਨਾਂ ਕੋਲ ਅਰਥਪੂਰਨ ਭੂਮਿਕਾਵਾਂ ਹੋਣ। ਇਹ ਤੁਹਾਡੇ ਇਸ਼ਤਿਹਾਰਬਾਜ਼ੀ ਸ਼ੁਰੂ ਕਰਨ ਤੋਂ ਪਹਿਲਾਂ - ਸਾਵਧਾਨੀਪੂਰਵਕ ਯੋਜਨਾਬੰਦੀ ਅਤੇ ਪ੍ਰਸ਼ਾਸਨ ਕਰਨ ਨਾਲ ਸ਼ੁਰੂ ਹੁੰਦਾ ਹੈ।**

## ਸ਼ੁਰੂਆਤ ਤੋਂ ਸ਼ੁਰੂ ਕਰੋ

ਸਭ ਤੋਂ ਪਹਿਲਾਂ, ਇਹ ਲਿਖੋ ਕਿ ਤੁਸੀਂ ਆਪਣੀ ਸੰਸਥਾ ਵਿੱਚ ਵਾਲੰਟੀਅਰਾਂ ਨੂੰ ਕਿਉਂ ਸ਼ਾਮਲ ਕਰਨਾ ਚਾਹੁੰਦੇ ਹੋ ਅਤੇ ਤੁਸੀਂ ਉਹਨਾਂ ਤੋਂ ਕੀ ਕੰਮ ਕਰਵਾਉਣਾ ਚਾਹੁੰਦੇ ਹੋ। ਧਿਆਨਪੂਰਵਕ ਤਿਆਰ ਕੀਤਾ ਗਿਆ ਅਹੁਦੇ ਦਾ ਵੇਰਵਾ (Position description) ਇਹ ਯਕੀਨੀ ਬਣਾਉਣ ਵਿੱਚ ਮੱਦਦ ਕਰਦਾ ਹੈ ਕਿ ਵਾਲੰਟੀਅਰ ਪ੍ਰੋਗਰਾਮ ਦੇ ਟੀਚੇ ਅਤੇ ਉਦੇਸ਼ ਪੂਰੇ ਹੋ ਰਹੇ ਹਨ। ਇਹ ਵਾਲੰਟੀਅਰ ਦੇ ਅਧਿਕਾਰਾਂ ਦੀ ਸੁਰੱਖਿਆ ਵੀ ਕਰਦਾ ਹੈ ਅਤੇ ਉਨ੍ਹਾਂ ਦੀ ਇੱਕ ਰੁਝੇਵੇਂ ਭਰੀ ਭੂਮਿਕਾ ਦੀਆਂ ਮੰਗਾਂ ਸੰਬੰਧੀ ਗੱਲਬਾਤ ਕਰਨ ਵਿੱਚ ਮੱਦਦ ਕਰ ਸਕਦਾ ਹੈ।

ਅਹੁਦੇ ਦਾ ਵੇਰਵਾ ਲੰਬਾ ਜਾਂ ਗੁੰਝਲਦਾਰ ਹੋਣ ਦੀ ਲੋੜ ਨਹੀਂ ਹੈ, ਪਰ ਇਸ ਵਿੱਚ ਹੇਠ ਲਿਖਿਆ ਸ਼ਾਮਲ ਹੋਣਾ ਚਾਹੀਦਾ ਹੈ:

- ਅਹੁਦੇ ਦਾ ਵੇਰਵਾ - ਉਹ ਅਹੁਦਾ ਕੀ-ਕੀ ਕਰੇਗਾ
- ਲੋੜੀਂਦੇ ਹੁਨਰ ਅਤੇ/ਜਾਂ ਯੋਗਤਾਵਾਂ - ਲਾਜ਼ਮੀ ਅਤੇ ਇੱਛਤ ਦੋਵੇਂ
- ਜ਼ਿੰਮੇਵਾਰੀ ਦੇ ਮੁੱਖ ਖੇਤਰ ਜਾਂ ਡਿਊਟੀਆਂ ਦੀ ਸੂਚੀ
- ਮੁੱਖ ਸੰਬੰਧ, ਜਿਵੇਂ ਕਿ ਨਿਗਰਾਨੀ
- ਉਸ ਭੂਮਿਕਾ ਦੀਆਂ ਸ਼ਰਤਾਂ, ਜਿਵੇਂ ਕਿ ਹਾਜ਼ਰੀ ਦਾ ਸਮਾਂ, ਅਤੇ ਭੂਮਿਕਾ ਦੀ ਲੰਬਾਈ
- ਇਹ ਭੂਮਿਕਾ ਨਿਭਾਉਣ ਲਈ ਪ੍ਰਦਾਨ ਕੀਤੀ ਜਾਂਦੀ ਸਿਖਲਾਈ ਅਤੇ ਸਹਾਇਤਾ

## ਵਾਲੰਟੀਅਰ ਵਜੋਂ ਕੰਮ ਕਰਨ ਦੇ ਮੌਕਿਆਂ ਲਈ ਇਸ਼ਤਿਹਾਰਬਾਜ਼ੀ

ਜਦੋਂ ਤੁਸੀਂ ਨੀਂਹ ਤਿਆਰ ਕਰ ਲੈਂਦੇ ਹੋ ਜਿਵੇਂ ਕਿ ਅਹੁਦੇ ਦਾ ਵੇਰਵਾ, ਸਥਾਨ ਅਤੇ ਲੋੜੀਂਦੇ ਘੰਟੇ, ਤਾਂ ਤੁਸੀਂ ਇਹ ਰੋਮਾਂਚਕ ਮੌਕਾ ਹੋਰਾਂ ਨਾਲ ਸਾਂਝਾ ਕਰਨ ਲਈ ਤਿਆਰ ਹੋ। ਤੁਹਾਡੇ ਵਾਲੰਟੀਅਰ ਪ੍ਰੋਗਰਾਮ ਨੂੰ ਤਿਆਰ ਕਰਨ ਦਾ ਸਭ ਤੋਂ ਵਧੀਆ ਅਤੇ ਸਭ ਤੋਂ ਆਮ ਤਰੀਕਾ ਮੂੰਹ ਜ਼ੁਬਾਨੀ ਪ੍ਰਸ਼ੰਸਾ ਰਾਹੀਂ ਪ੍ਰਚਾਰ ਕਰਨਾ ਹੈ। ਇੱਕ ਵਾਰ ਜਦੋਂ ਲੋਕਾਂ ਨੂੰ ਹਿੱਸਾ ਲੈਣ ਲਈ ਕਿਹਾ ਜਾਂਦਾ ਹੈ ਅਤੇ ਉਹ ਦਿਲਚਸਪੀ ਦਿਖਾਉਂਦੇ ਹਨ, ਤਾਂ ਤੁਹਾਨੂੰ ਉਹਨਾਂ ਨੂੰ ਲੋੜੀਂਦੀ ਸਾਰੀ ਜਾਣਕਾਰੀ ਪ੍ਰਦਾਨ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ।

## ਨਹੀਂ ਪਤਾ ਕਿ ਕਿੱਥੋਂ ਸ਼ੁਰੂ ਕਰਨਾ ਹੈ?

ਇਹ ਯਕੀਨੀ ਬਣਾਓ ਕਿ ਸੰਭਾਵੀ ਵਾਲੰਟੀਅਰਾਂ ਲਈ ਸੰਪਰਕ ਦਾ ਪਹਿਲਾ ਬਿੰਦੂ ਤੁਹਾਡੀ ਸੰਸਥਾ ਲਈ ਸਭ ਤੋਂ ਵਧੀਆ ਸੰਭਵ ਪ੍ਰਭਾਵ ਪਾਉਂਦਾ ਹੈ।

- ਭਰਤੀ ਮੁਹਿੰਮ ਅਤੇ ਚੋਣ ਪ੍ਰਕਿਰਿਆਵਾਂ ਬਾਰੇ ਸਾਰੇ ਸੰਬੰਧਿਤ ਲੋਕਾਂ ਨੂੰ ਜਾਣਕਾਰੀ ਦਿਓ, ਜਿਨ੍ਹਾਂ ਵਿੱਚ ਕਾਲਾਂ ਚੁੱਕਣ ਵਾਲੇ ਅਤੇ ਵਾਲੰਟੀਅਰਾਂ ਦੀ ਨਿਗਰਾਨੀ ਕਰਨ ਵਾਲੇ ਸ਼ਾਮਲ ਹਨ।
- ਯਕੀਨੀ ਬਣਾਓ ਕਿ ਤੁਹਾਡੇ ਦਸਤਾਵੇਜ਼ (ਅਹੁਦੇ ਦਾ ਵੇਰਵਾ, ਜਾਣਕਾਰੀ ਪੈਕ, ਨੀਤੀਆਂ ਅਤੇ ਪ੍ਰਕਿਰਿਆਵਾਂ) ਤਾਜ਼ਾ ਹਨ - ਹੋਰ ਜਾਣਕਾਰੀ ਲਈ ਸਾਡੀ ਗਾਈਡ 'ਜ਼ਰੂਰੀ ਵਾਲੰਟੀਅਰ ਨੀਤੀਆਂ ਅਤੇ ਕਾਰਜ-ਵਿਧੀਆਂ' (Essential Volunteer Policies and Procedures) ਦੇਖੋ।
- ਇਸ ਗੱਲ ਬਾਰੇ ਪਹਿਲਾਂ ਹੀ ਸੋਚੋ ਕਿ ਤੁਸੀਂ ਬਹੁਤ ਜ਼ਿਆਦਾ ਵਾਲੰਟੀਅਰ ਬਿਨੈਕਾਰਾਂ, ਜਾਂ ਗ਼ੈਰ-ਢੁੱਕਵੇਂ ਵਾਲੰਟੀਅਰ ਬਿਨੈਕਾਰਾਂ ਵੱਲੋਂ ਅਰਜ਼ੀ ਦੇਣ ਦੀ ਸੰਭਾਵਨਾ ਨਾਲ ਕਿਵੇਂ ਨਜਿੱਠ ਸਕਦੇ ਹੋ। ਆਪਣਾ ਜਵਾਬ ਤਿਆਰ ਕਰੋ ਤਾਂ ਕਿ ਜੇਕਰ ਬਿਨੈਕਾਰ ਆਪਣੀ ਅਰਜ਼ੀ ਦੀ ਸਥਿਤੀ ਦਾ ਪਤਾ ਲਗਾਉਣ ਲਈ ਫ਼ੋਨ ਕਰਨ ਤਾਂ ਤੁਸੀਂ ਬਿਨਾਂ ਤਿਆਰੀ ਦੇ ਫੜ੍ਹੇ ਨਾ ਜਾਵੋ।

## ਟੀਚਾ ਭਰਤੀ

ਜਦੋਂ ਵਾਲੰਟੀਅਰਾਂ ਨੂੰ ਆਕਰਸ਼ਿਤ ਕਰਨ ਦੀ ਗੱਲ ਆਉਂਦੀ ਹੈ, ਤਾਂ ਇਹ ਸਮਝਣਾ ਲਾਭਦਾਇਕ ਹੈ ਕਿ ਲੋਕ ਆਪਣਾ ਸਮਾਂ ਕਿਉਂ ਅਤੇ ਕਿਵੇਂ ਦਿੰਦੇ ਹਨ।

ਇੱਕ ਅਜਿਹੀ ਭਰਤੀ ਮੁਹਿੰਮ ਜੋ ਇਹ ਉਜਾਗਰ ਕਰਦੀ ਹੈ ਕਿ ਵਾਲੰਟੀਅਰ ਦੇ ਯੋਗਦਾਨ ਦਾ ਤੁਹਾਡੇ ਸਮਾਜ ਜਾਂ ਉਦੇਸ਼ 'ਤੇ ਕਿੰਨਾ ਪ੍ਰਭਾਵ ਪਾਵੇਗਾ, ਇਸ ਵਾਲੰਟੀਅਰ ਵਜੋਂ ਕੰਮ ਕਰਨ ਦੀ ਪ੍ਰੇਰਣਾ ਨੂੰ ਆਕਰਸ਼ਿਤ ਕਰੇਗੀ ਅਤੇ ਧਿਆਨ ਆਕਰਸ਼ਿਤ ਕਰਨ ਦਾ ਵਧੀਆ ਮੌਕਾ ਰੱਖੇਗੀ।

ਬਹੁਤ ਸਾਰੇ ਵਾਲੰਟੀਅਰ ਪਹਿਲਾਂ ਕਿਸੇ ਨੂੰ ਜਾਣਨ ਕਰਕੇ ਜਾਂ ਕਿਸੇ ਦੇ ਕਹਿਣ 'ਤੇ ਸ਼ਾਮਲ ਹੁੰਦੇ ਹਨ। ਤਾਂ ਸਬਕ ਕੀ ਹੈ? ਪਹਿਲਾਂ ਸਥਾਨਕ ਸੰਪਰਕਾਂ ਬਾਰੇ ਸੋਚੋ। ਉਦਾਹਰਨ ਲਈ:

- » ਮੂੰਹ ਜ਼ੁਬਾਨੀ ਪ੍ਰਸ਼ੰਸਾ ਦਾ ਫਾਇਦਾ ਚੁੱਕੋ: ਆਪਣੇ ਮੌਜੂਦਾ ਵਾਲੰਟੀਅਰਾਂ ਨੂੰ ਦੋਸਤਾਂ ਅਤੇ ਰਿਸ਼ਤੇਦਾਰਾਂ ਵਿੱਚ ਇਹ ਸੁਨੇਹਾ ਫੈਲਾਉਣ ਲਈ ਕਹੋ।
- » ਆਪਣੀ ਭਰਤੀ ਮੁਹਿੰਮ ਨੂੰ ਟੀਚਾਗਤ ਬਣਾਓ: ਉਨ੍ਹਾਂ ਦਿਲਚਸਪੀ ਰੱਖਣ ਵਾਲੇ ਸਮੂਹਾਂ ਨੂੰ ਧਿਆਨ ਵਿੱਚ ਰੱਖੋ ਜੋ ਤੁਹਾਡੇ ਉਦੇਸ਼ ਨਾਲ ਸੰਬੰਧਿਤ ਹੋ ਸਕਦੇ ਹਨ ਅਤੇ ਸਥਾਨਕ ਸ਼ਾਖਾਵਾਂ ਨਾਲ ਸੰਪਰਕ ਕਰੋ।
- » ਆਪਣੇ ਵਾਲੰਟੀਅਰਾਂ ਨੂੰ ਸੁਣੋ: ਆਪਣੇ ਵਾਲੰਟੀਅਰਾਂ ਤੋਂ ਸੁਝਾਅ ਮੰਗੋ।
- » ਸੁਨੇਹਾ ਫੈਲਾਓ: ਆਪਣੇ ਵਾਲੰਟੀਅਰਾਂ ਨੂੰ ਸੋਸ਼ਲ ਮੀਡੀਆ 'ਤੇ ਪੋਸਟ ਕਰਨ ਜਾਂ ਆਪਣੇ ਨੈੱਟਵਰਕਾਂ ਵਿੱਚ ਪ੍ਰਚਾਰ ਸਮੱਗਰੀ ਵੰਡਣ ਲਈ ਕਹੋ, ਜਿਵੇਂ ਕਿ ਸਥਾਨਕ ਕਲੱਬਾਂ ਜਾਂ ਗਰੁੱਪਾਂ ਵਿੱਚ ਜਿਨ੍ਹਾਂ ਨਾਲ ਉਹ ਜੁੜੇ ਹੋਏ ਹਨ।

## ਜਨਤਕ ਮੁਹਿੰਮਾਂ

ਆਮ ਜਨਤਕ ਪ੍ਰਚਾਰ ਕਰਨ ਦੇ ਤਰੀਕਿਆਂ ਵਿੱਚ ਸਥਾਨਕ ਅਖ਼ਬਾਰ ਵਿੱਚ ਇੱਕ ਲੇਖ ਲਿਖੇ ਜਾਣ ਦਾ ਪ੍ਰਬੰਧ ਕਰਨਾ, ਫਲਾਇਰ ਅਤੇ ਪੋਸਟਰ ਵੰਡਣਾ, ਰੇਡੀਓ ਘੋਸ਼ਣਾਵਾਂ, ਨਾਲ ਹੀ ਪ੍ਰਿੰਟ ਅਤੇ ਔਨਲਾਈਨ ਵਿੱਚ ਪੈਸਿਆਂ ਰਾਹੀਂ ਅਤੇ ਮੁਫ਼ਤ ਇਸ਼ਤਿਹਾਰਬਾਜ਼ੀ ਕਰਨਾ ਸ਼ਾਮਲ ਹੋ ਸਕਦੀ ਹੈ।

ਮੀਡੀਆ ਮੁਹਿੰਮ ਦੇ ਜਵਾਬ ਵਿੱਚ ਸਿਰਫ਼ ਬਹੁਤ ਥੋੜ੍ਹੇ ਜਿਹੇ ਲੋਕ ਹੀ ਵਾਲੰਟੀਅਰ ਕੰਮ ਕਰਨਾ ਸ਼ੁਰੂ ਕਰਦੇ ਹਨ। ਪਰ ਅਜਿਹੀਆਂ ਮੁਹਿੰਮਾਂ ਤੁਹਾਡੇ ਬ੍ਰਾਂਡ ਜਾਂ ਸੰਸਥਾ ਪ੍ਰਤੀ ਜਾਗਰੂਕਤਾ ਵਧਾਉਣ ਅਤੇ ਲੋਕਾਂ ਨੂੰ ਭਰਤੀ ਕਰਨ ਦੇ ਹੋਰ ਤਰੀਕਿਆਂ ਦੀ ਵਧੇਰੇ ਪ੍ਰਵਾਨਗੀ ਕਰਨ ਲਈ ਸਹਾਇਕ ਹੋ ਸਕਦੀਆਂ ਹਨ। ਜਦੋਂ ਕਿ ਇਹ ਮੁਹਿੰਮਾਂ ਆਮ ਕਿਸਮ ਦੀਆਂ ਹੁੰਦੀਆਂ ਹਨ, ਪਰ ਇਹ ਮੀਡੀਆ ਮੁਹਿੰਮਾਂ ਟੀਚਾਗਤ ਵੀ ਬਣਾਈਆਂ ਜਾ ਸਕਦੀਆਂ ਹਨ: ਉਨ੍ਹਾਂ ਸਮਾਜਿਕ ਸਮੂਹਾਂ ਬਾਰੇ ਸੋਚੋ ਜੋ ਤੁਹਾਡੀ ਗਤੀਵਿਧੀ ਵੱਲ ਆਕਰਸ਼ਿਤ ਹੋਏ ਹੋ ਸਕਦੇ ਹਨ, ਨਾਲ ਹੀ ਨਾਲ ਉਨ੍ਹਾਂ ਸਥਾਨਾਂ ਅਤੇ ਮੀਡੀਆ ਬਾਰੇ ਸੋਚੋ ਜਿਹੜੇ ਉਹ ਆਮ ਤੌਰ 'ਤੇ ਵਰਤਦੇ ਹਨ, ਅਤੇ ਅਤੇ ਉਸ ਅਨੁਸਾਰ ਆਪਣੇ ਸਾਧਨਾਂ ਨੂੰ ਖ਼ਰਚ ਕਰੋ।

## ਔਨਲਾਈਨ ਭਰਤੀ

ਕੀ ਤੁਸੀਂ ਜਾਣਦੇ ਹੋ ਕਿ ਤੁਸੀਂ ਵਾਲੰਟੀਅਰਾਂ ਲਈ ਵੀ ਔਨਲਾਈਨ ਇਸ਼ਤਿਹਾਰ ਦੇ ਸਕਦੇ ਹੋ, ਜਿਵੇਂ ਕਿ ਤੁਸੀਂ ਆਪਣੇ ਭੁਗਤਾਨ ਕੀਤੇ ਜਾਂਦੇ ਸਟਾਫ਼ ਲਈ ਕਰਦੇ ਹੋ? Go Volunteer ਉਨ੍ਹਾਂ ਬਹੁਤ ਸਾਰੇ ਪਲੇਟਫਾਰਮਾਂ ਵਿੱਚੋਂ ਇੱਕ ਹੈ ਜੋ ਤੁਹਾਨੂੰ ਵਾਲੰਟੀਅਰਾਂ ਨੂੰ ਲੱਭਣ ਅਤੇ ਵਾਲੰਟੀਅਰਾਂ ਨੂੰ ਤੁਹਾਡੇ ਨਾਲ ਸੰਪਰਕ ਕਰਨ ਦੀ ਸਹੂਲਤ ਦਿੰਦਾ ਹੈ। Go Volunteer 'ਤੇ ਦਿੱਤਾ ਗਿਆ ਹਰੇਕ ਇਸ਼ਤਿਹਾਰ Seek Volunteer 'ਤੇ ਵੀ ਦਿਖਾਇਆ ਜਾਵੇਗਾ, ਜੋ ਕਿ ਇੱਕ-ਦੀ-ਥਾਂ-ਦੋ ਹੱਲ ਪ੍ਰਦਾਨ ਕਰਦਾ ਹੈ। ਇਸਦਾ ਮਤਲਬ ਹੈ ਕਿ ਤੁਹਾਡਾ ਇਸ਼ਤਿਹਾਰ ਦੋਵਾਂ ਸਾਈਟਾਂ 'ਤੇ ਪ੍ਰਦਰਸ਼ਿਤ ਕੀਤਾ ਜਾਵੇਗਾ ਪਰ ਤੁਹਾਨੂੰ ਕੇਵਲ ਇੱਕ ਵਾਰ ਵੇਰਵੇ ਜਮ੍ਹਾ ਕਰਨ ਦੀ ਲੋੜ ਹੈ! ਇਹ ਵਰਤਣਾ ਆਸਾਨ ਹੈ, ਸਿਰਫ਼ ਇਸ ਲਿੰਕ 'ਤੇ ਜਾਓ: govolunteer.com.au ਜਾਂ ਹੋਰ ਸੁਝਾਵਾਂ ਲਈ Volunteering Victoria ਦੀ ਵੈੱਬਸਾਈਟ ਵੇਖੋ: Recruiting volunteers - Volunteering Victoria (ਵਾਲੰਟੀਅਰਾਂ ਦੀ ਭਰਤੀ ਕਰਨਾ - ਵਾਲੰਟੀਅਰਿੰਗ ਵਿਕਟੋਰੀਆ)।

ਕੁੱਝ ਸਥਾਨਕ ਕੌਂਸਲਾਂ ਅਤੇ ਦਿਹਾਤੀ ਇਲਾਕਿਆਂ ਨੇ ਵੀ ਵਾਲੰਟੀਅਰ ਵਜੋਂ ਕੰਮ ਕਰਨ ਨੂੰ ਸਮਰੱਥ ਬਣਾਉਣ ਲਈ ਸਰੋਤਾਂ ਵਿੱਚ ਨਿਵੇਸ਼ ਕੀਤਾ ਹੈ। ਪਤਾ ਕਰੋ ਕਿ ਕੀ ਤੁਹਾਡੀ ਸਥਾਨਕ ਵਾਲੰਟੀਅਰ ਸਹਾਇਤਾ ਸੇਵਾ ਸਥਾਨਕ ਵਾਲੰਟੀਅਰ ਭੂਮਿਕਾਵਾਂ ਵਿੱਚ ਭਰਤੀ ਹੋਣ ਲਈ ਮੱਦਦ ਕਰਦੀ ਹੈ।

## ਵਾਕ-ਇਨ (ਨਿੱਜੀ ਰੂਪ ਵਿੱਚ ਸਿੱਧੇ ਆਉਣ ਵਾਲੇ) ਵਾਲੰਟੀਅਰ

ਯੋਜਨਾ ਬਣਾਓ ਕਿ ਤੁਹਾਡੀ ਸੰਸਥਾ ਉਹਨਾਂ ਲੋਕਾਂ ਨਾਲ ਕਿਵੇਂ ਨਜਿੱਠਦੀ ਹੈ ਜੋ ਅਚਾਨਕ ਤੁਹਾਡੇ ਕੋਲ ਵਾਲੰਟੀਅਰ ਵਜੋਂ ਕੰਮ ਕਰਨ ਲਈ ਪੁੱਛਣ ਆਉਂਦੇ ਹਨ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਤੁਹਾਡੀ ਸੰਸਥਾ ਦੇ ਸੰਪਰਕ ਵਿੱਚ ਆਉਣ ਵਾਲੇ ਸਟਾਫ਼, ਵਾਲੰਟੀਅਰ, ਅਤੇ/ਜਾਂ ਅਸਥਾਈ ਕਰਮਚਾਰੀ ਇਹ ਜਾਣਦੇ ਹਨ ਕਿ ਇਸ ਸਥਿਤੀ ਨੂੰ ਕਿਵੇਂ ਸੰਭਾਲਣਾ ਹੈ: ਕਿਸ ਨਾਲ ਸੰਪਰਕ ਕਰਨਾ ਹੈ ਅਤੇ/ਜਾਂ ਕਿਹੜੀ ਪ੍ਰਕਿਰਿਆ ਦੀ ਪਾਲਣਾ ਕਰਨੀ ਹੈ।

ਕੰਮ ਦੀ ਕਿਸਮ 'ਤੇ ਨਿਰਭਰ ਕਰਦਿਆਂ, ਤੁਸੀਂ ਸ਼ਾਇਦ ਉਹਨਾਂ ਨੂੰ ਤੁਰੰਤ ਕਿਤੇ ਲਗਾ ਸਕਦੇ ਹੋ। ਕਈ ਵਾਰ 5-ਮਿੰਟ ਦੀ ਝੱਟਪਟ ਗੱਲਬਾਤ ਉਹ ਸਭ ਕੁੱਝ ਹੁੰਦੀ ਹੈ ਜੋ ਪਹਿਲੀ ਵਾਰ ਵਿੱਚ ਲੋੜੀਂਦੀ ਹੁੰਦੀ ਹੈ। ਵਾਲੰਟੀਅਰ ਨੂੰ ਨਿਰਧਾਰਤ ਸਮੇਂ 'ਤੇ ਵਾਪਸ ਆਉਣ ਲਈ ਕਹਿਣਾ, ਉਹਨਾਂ ਨੂੰ ਸਮੱਗਰੀ ਦੇਣਾ, ਜਾਂ ਉਹਨਾਂ ਨੂੰ ਭਰਤੀ ਪ੍ਰਕਿਰਿਆ ਵਿੱਚੋਂ ਲੰਘਣ ਲਈ ਕਿਸੇ ਵੈੱਬਸਾਈਟ ਵੱਲ ਨਿਰਦੇਸ਼ਿਤ ਕਰਨਾ ਉਚਿਤ ਹੈ।

ਬਿਲਕੁਲ, ਗਾਹਕਾਂ ਜਾਂ ਅਸਾਮੀਆਂ ਦੀ ਤਰ੍ਹਾਂ ਹੀ, ਤੁਹਾਨੂੰ ਵਾਕ-ਇਨ ਵਲੰਟੀਅਰਾਂ ਦੇ ਅਨੁਭਵ ਨੂੰ ਵੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਅਤੇ ਕਿਵੇਂ ਉਹਨਾਂ

ਦਾ ਅਨੁਭਵ ਤੁਹਾਡੀ ਸੰਸਥਾ ਦੀ ਸਾਖ਼ 'ਤੇ ਸਕਾਰਾਤਮਕ ਜਾਂ ਨਕਾਰਾਤਮਕ ਪ੍ਰਭਾਵ ਪਾ ਸਕਦਾ ਹੈ।

## ਇੰਟਰਵਿਊਆਂ

ਇਹ ਚੰਗੀ ਪ੍ਰਥਾ ਹੈ ਕਿ ਸੰਭਾਵੀ ਵਾਲੰਟੀਅਰਾਂ ਦੀ ਇੰਟਰਵਿਊ ਕੀਤੀ ਜਾਵੇ, ਕਿਉਂਕਿ ਇਹ ਦਰਸਾਉਂਦਾ ਹੈ ਕਿ ਸੰਸਥਾ ਵਿੱਚ ਇਸ ਭੂਮਿਕਾ ਨੂੰ ਗੰਭੀਰਤਾ ਨਾਲ ਦੇਖਿਆ ਜਾਂਦਾ ਹੈ। ਵਾਲੰਟੀਅਰਾਂ ਲਈ ਭਰਤੀ ਇੰਟਰਵਿਊ ਮਿਆਰੀ ਇੰਟਰਵਿਊਆਂ ਵਾਂਗ ਹੀ ਹੁੰਦੀ ਹੈ। ਹਾਲਾਂਕਿ ਇਹ ਬਹੁਤ ਘੱਟ ਰਸਮੀ ਹੁੰਦੀਆਂ ਹਨ, ਪਰ ਕੁੱਝ ਬਣਤਰ ਨਾਲ ਇਹ ਸਭ ਤੋਂ ਵਧੀਆ ਕਾਰਗਰ ਰਹਿੰਦੀਆਂ ਹਨ।

ਹੇਠ ਲਿਖੀਆਂ ਚੀਜ਼ਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਇੰਟਰਵਿਊ ਦੀ ਯੋਜਨਾ ਬਣਾਉਣ ਵਿੱਚ ਕੁੱਝ ਸਮਾਂ ਲਗਾਓ:

- ਸਥਾਨ - ਨਿੱਜੀ ਰੂਪ ਵਿੱਚ ਜਾਂ ਔਨਲਾਈਨ
- ਸਮਾਂ - ਯਾਤਰਾ ਦੀਆਂ ਜ਼ਰੂਰਤਾਂ 'ਤੇ ਵਿਚਾਰ ਕਰੋ
- ਚਰਚਾ ਕਰਨ ਲਈ ਸਵਾਲ ਅਤੇ ਨੁਕਤੇ
- ਕੀ ਇੰਟਰਵਿਊਆਂ ਗਰੁੱਪਾਂ ਵਿੱਚ ਕੀਤੀਆਂ ਜਾਣਗੀਆਂ ਜਾਂ ਨਿੱਜੀ ਰੂਪ ਵਿੱਚ?
- ਕਿੰਨੇ ਲੋਕ ਇੰਟਰਵਿਊ ਕਰਨਗੇ - ਇੱਕ ਵਿਅਕਤੀ ਜਾਂ ਪੈਨਲ?

ਇੰਟਰਵਿਊ ਇਹ ਪਤਾ ਕਰਨ ਦਾ ਮੌਕਾ ਪ੍ਰਦਾਨ ਕਰਦੀ ਹੈ ਕਿ ਵਾਲੰਟੀਅਰ ਕੀ ਹਾਸਿਲ ਕਰਨ ਦੀ ਉਮੀਦ ਲੈ ਕੇ ਆ ਰਿਹਾ ਹੈ, ਨਾਲ ਹੀ ਨਾਲ ਉਹਨਾਂ ਅੰਦਰ ਛੁਪੇ ਹੋਏ ਹੁਨਰ ਅਤੇ ਪ੍ਰਤਿਭਾਵਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ। ਇਸ ਗੱਲ 'ਤੇ ਗੌਰ ਕਰੋ ਕਿ ਕੀ ਬਿਨੈਕਾਰ ਕੁੱਝ ਅਜਿਹਾ ਹਾਸਿਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹਨ ਜੋ ਸੰਭਵ ਨਹੀਂ ਹੈ ਜਿਵੇਂ ਕਿ ਨਵੇਂ ਹੁਨਰ ਜਾਂ ਅਜਿਹੇ ਖੇਤਰਾਂ ਵਿੱਚ ਅਨੁਭਵ ਜੋ ਵਾਲੰਟੀਅਰਾਂ ਲਈ ਢੁੱਕਵੇਂ ਨਹੀਂ ਹਨ। ਸੰਸਥਾ ਜਾਂ ਸਮੂਹ ਦੇ ਅੰਦਰ ਵਾਲੰਟੀਅਰ ਦੀ ਭੂਮਿਕਾ ਬਾਰੇ ਸਪੱਸ਼ਟ ਹੋਣਾ ਮਹੱਤਵਪੂਰਨ ਹੈ। ਇਹ ਚਰਚਾ ਤੁਹਾਨੂੰ ਢੁੱਕਵੇਂ ਵਾਲੰਟੀਅਰ ਦੀ ਚੋਣ ਕਰਨ ਵਿੱਚ ਮੱਦਦ ਕਰੇਗੀ ਤਾਂ ਜੋ ਇੱਕ ਅਰਥਪੂਰਨ ਅਤੇ ਉਦੇਸ਼ਪੂਰਣ ਭੂਮਿਕਾ ਨੂੰ ਯਕੀਨੀ ਬਣਾਇਆ ਜਾ ਸਕੇ। ਹਰੇਕ ਵਿਅਕਤੀ ਨੂੰ ਕੁੱਝ ਨਾ ਕੁੱਝ ਸਹਾਇਕ ਭੂਮਿਕਾ ਦੇਣ ਅਤੇ ਕਿਸੇ ਵੀ ਅਪੰਗਤਾ ਪਹੁੰਚਯੋਗਤਾ ਲੋੜਾਂ ਬਾਰੇ ਪੁੱਛਣ ਲਈ ਵਾਲੰਟੀਅਰ ਪ੍ਰਬੰਧਾਂ ਵਿੱਚ ਲਚਕਦਾਰ ਬਣਨ ਲਈ ਤਿਆਰ ਰਹੋ।

ਇੱਕ ਵਧੀਆ ਵਾਲੰਟੀਅਰ ਇੱਕ ਵਾਲੰਟੀਅਰ ਪ੍ਰੋਗਰਾਮ ਦੀ ਤਰੱਕੀ ਕਰਵਾ ਸਕਦਾ ਹੈ ਅਤੇ ਇਹ ਸੇਵਾ ਜਾਂ ਗਤੀਵਿਧੀ ਕਰਨ ਵਾਲੇ ਸਟਾਫ਼ ਦੀ ਸਹਾਇਤਾ ਕਰ ਸਕਦਾ ਹੈ। ਇੱਕ ਅਣਉਚਿਤ ਵਾਲੰਟੀਅਰ ਵਾਲੰਟੀਅਰਾਂ ਆਗੂਆਂ ਲਈ ਸਮਾਂ ਬਰਬਾਦ ਕਰਨ ਵਾਲਾ ਹੋ ਸਕਦਾ ਹੈ ਅਤੇ ਪ੍ਰੋਗਰਾਮ ਨੂੰ ਨੁਕਸਾਨ ਪਹੁੰਚਾ ਸਕਦਾ ਹੈ, ਅਤੇ ਸੰਭਾਵੀ ਤੌਰ 'ਤੇ ਤੁਹਾਡੀ ਸੰਸਥਾ ਦੀ ਸਾਖ਼ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਸਹੀ ਚੋਣ ਕਰਨ ਲਈ ਤਿਆਰ ਰਹੋ ਅਤੇ ਨਤੀਜੇ ਬਾਰੇ ਸਾਰੇ ਬਿਨੈਕਾਰਾਂ ਨੂੰ ਸਲਾਹ ਦਿਓ।

## ਚੋਣ ਕਰਨਾ

ਆਪਣੇ ਪ੍ਰੋਗਰਾਮ ਲਈ ਸਹੀ ਵਾਲੰਟੀਅਰਾਂ ਦੀ ਚੋਣ ਕਰਨਾ ਮਹੱਤਵਪੂਰਨ ਹੈ। ਵਿਭਿੰਨ ਪਿਛੋਕੜ ਵਾਲੇ ਵਾਲੰਟੀਅਰਾਂ ਦੀ ਭਰਤੀ ਤੁਹਾਡੇ ਵਾਲੰਟੀਅਰ ਅਧਾਰ ਨੂੰ ਬਣਾਉਣ ਲਈ ਬਹੁਤ ਸਾਰੇ ਹੁਨਰ ਲਿਆ ਸਕਦੀ ਹੈ। ਹਰੇਕ ਵਿਅਕਤੀ ਨੂੰ ਕਿਸੇ ਅਰਥਪੂਰਨ ਭੂਮਿਕਾ ਨਾਲ ਮੇਲਣਾ ਜੋ ਉਹਨਾਂ ਦੇ ਹੁਨਰ ਦੀ ਵਰਤੋਂ ਕਰਦੀ ਹੈ, ਤੁਹਾਡੇ ਨਾਲ ਉਹਨਾਂ ਦੇ ਰਿਸ਼ਤੇ ਨੂੰ ਮਜ਼ਬੂਤ ਕਰੇਗੀ ਅਤੇ ਪ੍ਰੋਗਰਾਮ ਪ੍ਰਤੀ ਉਹਨਾਂ ਦੀ ਵਚਨਬੱਧਤਾ ਨੂੰ ਵਧਾਏਗੀ।

ਸਹੀ ਵਾਲੰਟੀਅਰ ਦੀ ਚੋਣ ਕਰਨਾ ਵੀ ਤੁਹਾਡੇ ਪ੍ਰੋਗਰਾਮ ਦੇ ਜ਼ੋਖਮ ਪ੍ਰਬੰਧਨ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਇਥੇ ਇਸ ਗੱਲ ਦਾ ਜ਼ੋਖਮ ਹੈ ਕਿ ਉਹਨਾਂ ਵਿੱਚ ਇਸ ਭੂਮਿਕਾ ਲਈ ਦਿਲਚਸਪੀ ਜਾਂ ਹੁਨਰ ਦੀ ਘਾਟ ਹੈ, ਜਾਂ ਇਸ ਗੱਲ ਦਾ ਗੰਭੀਰ ਜ਼ੋਖਮ ਹੈ ਕਿ ਉਹ ਭੂਮਿਕਾ ਦੁਆਰਾ ਨੁਕਸਾਨ ਪਹੁੰਚ ਸਕਦੇ ਜਾਂ ਆਪ ਨੁਕਸਾਨੇ ਜਾ ਸਕਦੇ ਹਨ। ਇੱਕ ਚੰਗੀ ਤਰ੍ਹਾਂ ਸੋਚ-ਸਮਝ ਕੇ ਕੀਤੀ ਚੋਣ ਪ੍ਰਕਿਰਿਆ ਇਹਨਾਂ ਜ਼ੋਖਮਾਂ ਦਾ ਪ੍ਰਬੰਧਨ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ।

**National Standards for Volunteer Involvement (ਵਾਲੰਟੀਅਰ ਸ਼ਮੂਲੀਅਤ ਲਈ ਰਾਸ਼ਟਰੀ ਮਿਆਰ)**

**ਮਿਆਰ 4: ਭਰਤੀ ਪ੍ਰਕਿਰਿਆ ਨਿਰਪੱਖ ਹੁੰਦੀ ਹੈ ਅਤੇ ਵਿਭਿੰਨਤਾ ਦੀ ਕਦਰ ਕੀਤੀ ਜਾਂਦੀ ਹੈ।**

Volunteering Victoria ਇਹ ਸਿਫ਼ਾਰਸ਼ ਕਰਦਾ ਹੈ ਕਿ National Standards for Volunteer Involvement ਦੇ ਮਿਆਰ 4 ਨੂੰ ਤੁਹਾਡੀ ਵਾਲੰਟੀਅਰ ਭਰਤੀ ਅਤੇ ਵਾਲੰਟੀਅਰ ਚੋਣ ਰਣਨੀਤੀਆਂ ਲਈ ਇੱਕ ਵਧੀਆ ਅਭਿਆਸ ਗਾਈਡ ਵਜੋਂ ਵਰਤਿਆ ਜਾਵੇ। ਇਹ ਯਕੀਨੀ ਬਣਾਉਂਦਾ

ਹੈ ਕਿ ਤੁਹਾਡੀ ਭਰਤੀ ਅਤੇ ਚੋਣ ਪ੍ਰਕਿਰਿਆ ਯੋਜਨਾਬੱਧ, ਇਕਸਾਰ, ਅਤੇ ਸੰਸਥਾ ਅਤੇ ਵਾਲੰਟੀਅਰਾਂ ਦੀਆਂ ਲੋੜਾਂ ਨੂੰ ਪੂਰਾ ਕਰਦੀ ਹੈ।

1. ਸੰਸਥਾਵਾਂ ਅਤੇ ਸਮੂਹ ਢੁੱਕਵੀਆਂ ਰੁਚੀਆਂ, ਗਿਆਨ ਅਤੇ ਹੁਨਰਾਂ ਵਾਲੇ ਵਾਲੰਟੀਅਰਾਂ ਨੂੰ ਆਕਰਸ਼ਿਤ ਕਰਨ ਲਈ ਯੋਜਨਾਬੱਧ ਅਤੇ ਨਵੀਨਤਾਕਾਰੀ ਪਹੁੰਚਾਂ ਦੀ ਵਰਤੋਂ ਕਰਦੇ ਹੋਏ ਵਾਲੰਟੀਅਰਾਂ ਨੂੰ ਆਪਣੇ ਵਿੱਚ ਸ਼ਾਮਲ ਕਰਦੇ ਹਨ।
2. ਸੰਭਾਵੀ ਵਾਲੰਟੀਅਰਾਂ ਨੂੰ ਸੰਸਥਾ, ਉਪਲਬਧ ਮੌਕਿਆਂ, ਚੋਣ ਪ੍ਰਕਿਰਿਆ ਬਾਰੇ ਅਤੇ ਇਸ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ ਕਿ, ਵਾਲੰਟੀਅਰ ਕਿਵੇਂ ਇਸਦੇ ਉਦੇਸ਼ ਅਤੇ ਸੁਪਨੇ ਵਿੱਚ ਯੋਗਦਾਨ ਪਾਉਂਦੇ ਹਨ।
3. ਵਾਲੰਟੀਅਰਾਂ ਨੂੰ ਉਨ੍ਹਾਂ ਦੀਆਂ ਰੁਚੀਆਂ, ਗਿਆਨ, ਹੁਨਰਾਂ ਅਤੇ ਭੂਮਿਕਾ ਲਈ ਯੋਗਤਾ ਦੇ ਆਧਾਰ 'ਤੇ ਚੁਣਿਆ ਜਾਂਦਾ ਹੈ ਅਤੇ ਇਹ ਪ੍ਰਕਿਰਿਆ ਭੇਦਭਾਵ-ਵਿਰੋਧੀ ਕਾਨੂੰਨ ਦੇ ਨਾਲ ਇਕਸਾਰ ਹੁੰਦੀ ਹੈ।
4. ਵਿਭਿੰਨਤਾ, ਸ਼ਮੂਲੀਅਤ, ਅਤੇ ਅਪੰਗਤਾ ਪਹੁੰਚਯੋਗਤਾ ਦੇ ਸਿਧਾਂਤਾਂ ਨੂੰ ਭਰਤੀ ਦੀਆਂ ਗਤੀਵਿਧੀਆਂ ਵਿੱਚ ਸ਼ਾਮਲ ਕੀਤਾ ਜਾਂਦਾ ਹੈ, ਜੋ ਵਿਭਿੰਨਤਾ ਅਤੇ ਸ਼ਮੂਲੀਅਤ ਪ੍ਰਤੀ ਜਾਗਰੂਕਤਾ ਨੂੰ ਦਰਸਾਉਂਦੇ ਅਤੇ ਉਤਸ਼ਾਹਿਤ ਕਰਦੇ ਹਨ, ਅਤੇ ਇਸ ਨਾਲ ਸੰਸਥਾ ਨੂੰ ਜੋ ਸੁਭਾਵਿਕ ਰੂਪ ਵਿੱਚ ਕਦਰ ਮਿਲਦੀ ਹੈ ਉਸਦਾ ਪ੍ਰਚਾਰ ਕਰਦੇ ਹਨ।
5. ਛਾਣਬੀਣ ਦੀਆਂ (ਸਕ੍ਰੀਨਿੰਗ) ਪ੍ਰਕਿਰਿਆਵਾਂ ਕਾਨੂੰਨੀ ਲੋੜਾਂ ਅਤੇ ਨਿਯਮਾਂ ਦੇ ਅਨੁਸਾਰ ਸੇਵਾ ਪ੍ਰਾਪਤ ਕਰਨ ਵਾਲਿਆਂ, ਕਰਮਚਾਰੀਆਂ, ਵਾਲੰਟੀਅਰਾਂ ਅਤੇ ਸੰਸਥਾ ਦੀ ਸੁਰੱਖਿਆ ਅਤੇ ਸਕਿਉਰਿਟੀ ਨੂੰ ਬਰਕਰਾਰ ਰੱਖਦੀਆਂ ਹਨ।

## ਸਕ੍ਰੀਨਿੰਗ ਜਾਂਚਾਂ

ਬਹੁਤ ਸਾਰੀਆਂ ਸੰਸਥਾਵਾਂ ਆਪਣੇ ਗਾਹਕਾਂ ਜਾਂ ਸੇਵਾ ਪ੍ਰਾਪਤ ਕਰਨ ਵਾਲਿਆਂ ਪ੍ਰਤੀ ਆਪਣੀ ਦੇਖਭਾਲ ਦੀ ਜ਼ਿੰਮੇਵਾਰੀ ਨਿਭਾਉਣ ਲਈ ਵਾਲੰਟੀਅਰਾਂ ਦਾ ਪਿਛੋਕੜ ਜਾਂ ਸਕ੍ਰੀਨਿੰਗ ਚੈੱਕ ਵੀ ਕਰਦੀਆਂ ਹਨ।

ਜ਼ਿਆਦਾਤਰ ਸੰਸਥਾਵਾਂ ਨੂੰ ਹੇਠਾਂ ਦਿੱਤੇ ਚੈੱਕ ਕਰਵਾਉਣ ਦੀ ਯੋਜਨਾ ਬਣਾਉਣੀ ਚਾਹੀਦੀ ਹੈ:

- ਪਛਾਣ ਦਾ ਸਬੂਤ
- ਰੈਫ਼ਰੈਂਸ ਚੈੱਕ - ਸਿਰਫ਼ ਉਹੀ ਸਵਾਲ ਪੁੱਛੋ ਜੋ ਉਸ ਭੂਮਿਕਾ ਲਈ ਢੁੱਕਵੇਂ ਅਤੇ ਜ਼ਰੂਰੀ ਹਨ
- ਯੋਗਤਾ ਜਾਂ ਲਾਇਸੈਂਸ ਜਾਂਚ (ਜਿੱਥੇ ਲਾਗੂ ਹੋਵੇ)

ਆਪਣੇ ਵਲੰਟੀਅਰਾਂ ਅਤੇ ਭਾਈਚਾਰੇ ਦੀ ਸੁਰੱਖਿਆ ਨੂੰ ਬਰਕਰਾਰ ਰੱਖਣ ਲਈ ਕਿਹੜੀਆਂ ਪਿਛੋਕੜ ਜਾਂਚਾਂ ਦੀ ਲੋੜ ਹੈ, ਇਸ ਬਾਰੇ ਪਤਾ ਲਗਾਉਣਾ ਇੱਕ ਔਖਾ ਕੰਮ ਹੋ ਸਕਦਾ ਹੈ। ਜੇਕਰ ਤੁਹਾਡੇ ਵਾਲੰਟੀਅਰ ਆਪਣੀ ਭੂਮਿਕਾ ਦੇ ਹਿੱਸੇ ਵਜੋਂ ਬੱਚਿਆਂ ਅਤੇ/ਜਾਂ ਕਮਜ਼ੋਰ ਲੋਕਾਂ ਨਾਲ ਸੰਪਰਕ ਵਿੱਚ ਆਉਂਦੇ ਹਨ ਤਾਂ ਕਾਨੂੰਨ ਅਤੇ ਨਿਯਮਾਂ ਦੀ ਪਾਲਣਾ ਕਰਨਾ ਅਤਿ ਜ਼ਰੂਰੀ ਹੈ। ਬਹੁਤ ਸਾਰੇ ਮਾਮਲਿਆਂ ਵਿੱਚ ਸ਼ਾਇਦ ਰਸਮੀ ਚੈੱਕ ਦੀ ਲੋੜ ਨਾ ਹੋਵੇ। ਵਾਲੰਟੀਅਰ ਵਜੋਂ ਸ਼ਮੂਲੀਅਤ ਕਰਨ ਵਿੱਚ ਰੁਕਾਵਟਾਂ ਨੂੰ ਘਟਾਉਣ ਲਈ, ਸੰਸਥਾਵਾਂ ਨੂੰ ਖ਼ਾਸ ਭੂਮਿਕਾ ਦੇ ਪਹਿਲੂਆਂ ਨੂੰ ਧਿਆਨ ਨਾਲ ਵਿਚਾਰਨਾ ਚਾਹੀਦਾ ਹੈ।

ਵਿਕਟੋਰੀਆ ਵਿੱਚ, ਬਹੁਤ ਸਾਰੇ ਰਸਮੀ ਚੈੱਕ ਹਨ ਜਿਨ੍ਹਾਂ ਨੂੰ ਕਰਵਾਉਣ ਦੀ ਲੋੜ ਹੋ ਸਕਦੀ ਹੈ, ਉਸ ਪ੍ਰੋਗਰਾਮ ਜਾਂ ਗਤੀਵਿਧੀ ਅਤੇ ਉਹਨਾਂ ਗਾਹਕਾਂ 'ਤੇ ਨਿਰਭਰ ਕਰਦਿਆਂ ਹੋਇਆ ਜੋ ਸਹਾਇਤਾ ਪ੍ਰਾਪਤ ਕਰ ਰਹੇ ਹਨ। ਯਾਦ ਰੱਖੋ ਕਿ ਲੋਕਾਂ ਨੂੰ ਚੈੱਕ ਪ੍ਰਾਪਤ ਕਰਨ ਲਈ ਕਹਿਣਾ ਉਹਨਾਂ ਲਈ ਇੱਕ ਵਾਲੰਟੀਅਰ ਵਜੋਂ ਹਿੱਸਾ ਲੈਣ ਵਿੱਚ ਰੁਕਾਵਟ ਹੋ ਸਕਦਾ ਹੈ। ਪ੍ਰਕਿਰਿਆ ਵਿੱਚੋਂ ਲੰਘਣ ਲਈ ਲੋੜੀਂਦੀ ਪਛਾਣ ਸਥਾਪਤ ਕਰਨਾ ਆਪਣੇ ਆਪ ਵਿੱਚ ਇੱਕ ਚੁਣੌਤੀ ਹੋ ਸਕਦੀ ਹੈ। ਫ਼ੈਸਲਾ ਕਰਨ ਵੇਲੇ ਉਸ ਵਾਲੰਟੀਅਰ ਦੀ ਭੂਮਿਕਾ 'ਤੇ ਗੌਰ ਕਰੋ। ਹਰੇਕ ਸੰਸਥਾ ਜਾਂ ਸਮੂਹ ਨੂੰ ਜ਼ੋਖਮਾਂ ਦਾ ਪ੍ਰਬੰਧਨ ਕਰਨ ਅਤੇ ਕਾਨੂੰਨੀ ਲੋੜਾਂ ਨੂੰ ਪੂਰਾ ਕਰਨ ਲਈ ਆਪਣੀਆਂ ਲੋੜਾਂ ਨੂੰ ਨਿਰਧਾਰਤ ਕਰਨਾ ਚਾਹੀਦਾ ਹੈ ਅਤੇ ਉਹਨਾਂ ਨੂੰ ਆਪਣੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ ਵਿੱਚ ਦਸਤਾਵੇਜ਼ਬੱਧ ਕਰਨਾ ਚਾਹੀਦਾ ਹੈ।

ਵਿਚਾਰ ਕਰੋ ਕਿ ਕੀ ਤੁਹਾਡੀ ਸੰਸਥਾ ਜਾਂ ਸਮੂਹ ਦੁਆਰਾ ਹੇਠਾਂ ਸੂਚੀਬੱਧ ਪਿਛੋਕੜ ਚੈੱਕ ਕਰਵਾਉਣ ਦੀ ਲੋੜ ਹੋ ਸਕਦੀ ਹੈ। ਮੌਜੂਦਾ ਜਾਣਕਾਰੀ ਸੂਚੀਬੱਧ ਅਨੁਸਾਰ ਸੰਬੰਧਿਤ ਵੈੱਬਸਾਈਟਾਂ 'ਤੇ ਪ੍ਰਾਪਤ ਕੀਤੀ ਜਾ ਸਕਦੀ ਹੈ।

## ਨੈਸ਼ਨਲ ਪੁਲਿਸ ਚੈੱਕ (National Police Check)

ਆਮ ਤੌਰ 'ਤੇ ਰੁਜ਼ਗਾਰਦਾਤਾਵਾਂ ਜਾਂ ਸੰਸਥਾਵਾਂ ਦੁਆਰਾ ਰੁਜ਼ਗਾਰ ਜਾਂ ਵਾਲੰਟੀਅਰ ਵਜੋਂ ਕੰਮ ਕਰਨ ਦੇ ਉਦੇਸ਼ਾਂ ਲਈ, ਆਪਣੀ ਮਰਜ਼ੀ ਅਨੁਸਾਰ 'ਨੈਸ਼ਨਲ ਪੁਲਿਸ ਚੈੱਕ' (National Police Check) ਪ੍ਰਦਾਨ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ। ਇਹ ਇੱਕ ਅਜਿਹਾ ਦਸਤਾਵੇਜ਼ ਹੈ ਜੋ ਜਾਰੀ ਕੀਤੇ ਜਾਣ ਸਮੇਂ ਮੌਜੂਦਾ ਹੁੰਦਾ ਹੈ। ਕੁੱਝ ਸੰਸਥਾਵਾਂ ਨੂੰ ਇਸ ਨੂੰ ਸਵੀਕਾਰ ਕਰਨ ਲਈ ਇਸਦੇ ਇੱਕ ਖ਼ਾਸ ਸਮਾਂ ਸੀਮਾ ਅੰਦਰ ਹੋਣ ਦੀ ਲੋੜ ਹੋ ਸਕਦੀ ਹੈ, ਉਦਾਹਰਨ

ਲਈ ਪਿਛਲੇ 6 ਮਹੀਨਿਆਂ ਵਿੱਚ ਜਾਰੀ ਹੋਇਆ। ਕਿਸੇ ਚੈੱਕ ਦੇ ਨਤੀਜੇ ਉਨ੍ਹਾਂ ਅਪਰਾਧਾਂ ਦਾ ਖੁਲਾਸਾ ਕਰ ਸਕਦੇ ਹਨ ਜੋ ਭਰਤੀ ਪ੍ਰਕਿਰਿਆ ਨੂੰ ਪ੍ਰਭਾਵਿਤ ਕਰ ਸਕਦੇ ਹਨ। ਉਸ ਭੂਮਿਕਾ 'ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ ਅਤੇ ਜੇਕਰ ਦੋਸ਼-ਸਿੱਧ ਹੋਣਾ ਉਸ ਮਾਹੌਲ ਵਿੱਚ ਇੱਕ ਢੁੱਕਵਾਂ ਖ਼ਤਰਾ ਪੈਦਾ ਕਰੇਗਾ।

ਕੋਈ ਸੰਸਥਾ Community Volunteer Fee (ਕਮਿਉਨਿਟੀ ਵਾਲੰਟੀਅਰ ਫ਼ੀਸ, CFV) ਨੰਬਰ ਲਈ ਅਰਜ਼ੀ ਦੇ ਸਕਦੀ ਹੈ। ਇਹ ਨੰਬਰ ਵਾਲੰਟੀਅਰਾਂ ਨੂੰ ਪ੍ਰਦਾਨ ਕੀਤਾ ਜਾ ਸਕਦਾ ਹੈ ਤਾਂ ਜੋ ਉਹ ਘਟੀ ਹੋਈ ਅਰਜ਼ੀ ਪ੍ਰਕਿਰਿਆ ਫ਼ੀਸ ਲਈ ਯੋਗ ਹੋਣ ਸਕਣ ਜੇਕਰ ਉਹ ਵਾਲੰਟੀਅਰ ਕੰਮ ਜਾਂ ਵਿਦਿਆਰਥੀ ਪਲੇਸਮੈਂਟ ਦੇ ਉਦੇਸ਼ ਲਈ ਅਰਜ਼ੀ ਦੇ ਰਹੇ ਹਨ।

ਵਧੇਰੇ ਜਾਣਕਾਰੀ ਹੇਠ ਲਿਖੀਆਂ ਵੈੱਬਸਾਈਟਾਂ 'ਤੇ ਲੱਭੀ ਜਾ ਸਕਦੀ ਹੈ:

» ਨੈਸ਼ਨਲ ਪੁਲਿਸ ਚੈੱਕ (National Police Check ) ਲਈ ਅਰਜ਼ੀ ਦਿਓ -Victoria Police
» ਜਾਣਕਾਰੀ ਸ਼ੀਟ - ਨੈਸ਼ਨਲ ਪੁਲਿਸ ਚੈੱਕ ਲੈਣ ਦੀ ਪ੍ਰਕਿਰਿਆ
» Community Volunteer Fee Number ਲਈ ਅਰਜ਼ੀ ਫਾਰਮ
» ਨੈਸ਼ਨਲ ਪੁਲਿਸ ਚੈੱਕ ਦੀ ਫ਼ੀਸ ਅਤੇ ਖ਼ਰਚੇ - Victoria Police

## Working With Children Check (ਵਰਕਿੰਗ ਵਿਦ ਚਿਲਡਰਨ ਚੈੱਕ, WWCC)

Working With Children Check (ਵਰਕਿੰਗ ਵਿਦ ਚਿਲਡਰਨ ਚੈੱਕ, WWCC) ਵਿਕਟੋਰੀਆ ਵਿੱਚ ਬੱਚਿਆਂ ਦੇ ਨਾਲ ਕੰਮ ਕਰਨ ਜਾਂ ਉਨ੍ਹਾਂ ਦੀ ਦੇਖਭਾਲ ਕਰਨ ਵਾਲੇ ਲੋਕਾਂ ਦਾ ਮੁਲਾਂਕਣ ਕਰਨ ਜਾਂ ਮੁੜ-ਮੁਲਾਂਕਣ ਕਰਨ ਲਈ ਇੱਕ ਸਕ੍ਰੀਨਿੰਗ ਪ੍ਰਕਿਰਿਆ ਹੈ। ਇਹ ਬੱਚਿਆਂ ਨੂੰ ਜਿਨਸੀ ਅਤੇ ਸਰੀਰਕ ਨੁਕਸਾਨ ਤੋਂ ਬਚਾਉਣ ਵਿੱਚ ਇਹ ਯਕੀਨੀ ਬਣਾ ਕੇ ਸਹਾਇਤਾ ਕਰਦਾ ਹੈ ਕਿ ਜੋ ਲੋਕ ਉਹਨਾਂ ਨਾਲ ਕੰਮ ਕਰਦੇ ਹਨ ਜਾਂ ਉਹਨਾਂ ਦੀ ਦੇਖਭਾਲ ਕਰਦੇ ਹਨ ਉਹਨਾਂ ਦੀ ਸਕ੍ਰੀਨਿੰਗ ਪ੍ਰਕਿਰਿਆ ਵਿੱਚੋਂ ਲੰਘ ਕੇ ਆਏ ਹਨ। ਜੇਕਰ ਉਹ ਪਹਿਲਾਂ ਜਾਂਚ ਲਈ ਅਰਜ਼ੀ ਦਿੱਤੇ ਬਿਨਾਂ ਬੱਚਿਆਂ ਨਾਲ ਸੰਬੰਧਿਤ ਕੰਮ ਸ਼ੁਰੂ ਕਰਦੇ ਹਨ ਤਾਂ ਉਹ ਸੰਸਥਾ ਜਾਂ ਵਿਅਕਤੀ ਕਾਨੂੰਨ ਦੀ ਉਲੰਘਣਾ ਕਰ ਰਹੇ ਹਨ।
ਵਿਕਟੋਰੀਆ ਵਿੱਚ 'ਵਾਲੰਟੀਅਰ' ਲਈ Working With Children Check ਲਈ ਕੋਈ ਖ਼ਰਚਾ ਨਹੀਂ ਹੈ। ਇਸ ਚੈੱਕ ਲਈ ਅਰਜ਼ੀ ਦੇਣ ਲਈ, ਇਹ ਜ਼ਰੂਰੀ ਹੈ ਕਿ ਰੁਜ਼ਗਾਰਦਾਤਾ ਕੋਲ ਵਿਕਟੋਰੀਅਨ ਵਰਕਰ ਸਕ੍ਰੀਨਿੰਗ ਯੂਨਿਟ ਦੇ ਨਾਲ ਉਹਨਾਂ ਦੇ ਸੰਪਰਕ ਵੇਰਵੇ ਸੂਚੀਬੱਧ ਹੋਣ। ਜੇਕਰ ਕੋਈ ਵੀ ਜੁਰਮ Working With Children Check ਪ੍ਰਾਪਤ ਹੋਣ ਤੋਂ ਬਾਅਦ ਕੀਤਾ ਗਿਆ ਹੈ ਤਾਂ ਰੁਜ਼ਗਾਰਦਾਤਾ ਨੂੰ ਸੂਚਿਤ ਕੀਤਾ ਜਾਵੇਗਾ।

ਵਧੇਰੇ ਜਾਣਕਾਰੀ ਹੇਠ ਦਿੱਤੀ ਵੈੱਬਸਾਈਟ 'ਤੇ ਲੱਭੀ ਜਾ ਸਕਦੀ ਹੈ:
Working with Children Check ਲਈ ਅਰਜ਼ੀ ਦੇਣ ਦੀ ਪ੍ਰਕਿਰਿਆ | vic.gov.au (www.vic.gov.au)
ਨੌਕਰੀ ਦੀਆਂ ਸ਼੍ਰੇਣੀਆਂ ਦੀ ਸੂਚੀ ਇੱਥੇ ਵੀ ਲੱਭੀ ਜਾ ਸਕਦੀ ਹੈ।

## NDIS ਵਰਕਰ ਸਕ੍ਰੀਨਿੰਗ ਜਾਂਚ

National Disability Insurance Scheme Worker Screening Check (ਨੈਸ਼ਨਲ ਡਿਸਏਬਿਲਟੀ ਇੰਸ਼ੋਰੈਂਸ ਸਕੀਮ ਵਰਕਰ ਸਕ੍ਰੀਨਿੰਗ ਚੈੱਕ) (NDIS ਚੈੱਕ) ਇਹ ਯਕੀਨੀ ਬਣਾਉਣ ਲਈ ਸਕ੍ਰੀਨਿੰਗ ਦਾ ਇੱਕ ਵਧੇਰੇ ਉੱਚ ਪੱਧਰ ਹੈ ਕਿ ਜੋ ਲੋਕ NDIS ਭਾਗੀਦਾਰਾਂ ਨਾਲ ਕੰਮ ਕਰਦੇ ਹਨ, ਉਹ ਭਾਗੀਦਾਰਾਂ ਲਈ ਕੋਈ ਅਸਵੀਕਾਰਨਯੋਗ ਜ਼ੋਖਮ ਪੇਸ਼ ਨਹੀਂ ਕਰਦੇ ਹਨ।

ਕੁੱਝ ਖ਼ਾਸ ਕਿਸਮ ਦੀਆਂ ਭੂਮਿਕਾਵਾਂ - ਜਿਨ੍ਹਾਂ ਨੂੰ ਜ਼ੋਖਮ ਮੁਲਾਂਕਣ ਵਾਲੀਆਂ ਭੂਮਿਕਾਵਾਂ ਕਿਹਾ ਜਾਂਦਾ ਹੈ - ਵਿੱਚ ਰਜਿਸਟਰਡ NDIS ਪ੍ਰਦਾਤਾਵਾਂ ਲਈ ਨੌਕਰੀ ਸ਼ੁਰੂ ਕਰਨ ਵਾਲੇ ਸਾਰੇ ਵਿਅਕਤੀਆਂ ਨੂੰ ਕੰਮ ਸ਼ੁਰੂ ਕਰਨ ਤੋਂ ਪਹਿਲਾਂ NDIS ਕਲੀਅਰੈਂਸ ਦੀ ਲੋੜ ਹੋਵੇਗੀ। ਇਸ ਵਿੱਚ ਵਾਲੰਟੀਅਰ ਵੀ ਸ਼ਾਮਲ ਹਨ। ਵਾਲੰਟੀਅਰ ਫ਼ੀਸ ਮੁਆਫ਼ੀ ਮਿਲਣ ਲਈ ਯੋਗ ਹੋਣ ਲਈ ਵਾਲੰਟੀਅਰ ਦਾ ਇੱਕ ਜ਼ੋਖਮ ਮੁਲਾਂਕਣ ਭੂਮਿਕਾ ਵਿੱਚ ਹੋਣਾ ਲਾਜ਼ਮੀ ਹੈ।

ਵਧੇਰੇ ਜਾਣਕਾਰੀ ਇੱਥੇ ਲੱਭੀ ਜਾ ਸਕਦੀ ਹੈ: NDIS ਵਰਕਰ ਸਕ੍ਰੀਨਿੰਗ ਚੈੱਕ | vic.gov.au (www.vic.gov.au)

## ਹੋਰ ਜਾਣਕਾਰੀ

ਵਾਲੰਟੀਅਰ ਕੰਮ ਕਰਨ ਲਈ ਵਿਕਟੋਰੀਆ ਦੀ ਪੀਕ ਬਾਡੀ ਹੋਣ ਦੇ ਨਾਤੇ, ਤੁਸੀਂ ਹਮੇਸ਼ਾ ਭਰੋਸੇਯੋਗ ਸਰੋਤਾਂ ਅਤੇ ਸਲਾਹ ਲਈ ਸਾਡੇ ਕੋਲ ਆ ਸਕਦੇ ਹੋ। *ਵਾਲੰਟੀਅਰਾਂ ਦੀ ਭਰਤੀ* ਬਾਰੇ ਤੁਹਾਡੀ ਸਮਝ ਨੂੰ ਜਾਰੀ ਰੱਖਣ ਲਈ ਹੇਠਾਂ ਕੁੱਝ ਮਦਦਗਾਰ ਲਿੰਕ ਅਤੇ ਸਰੋਤ ਦਿੱਤੇ ਗਏ ਹਨ।

Volunteering Victoria ਦੀ ਵੈੱਬਸਾਈਟ ਸਮੇਂ ਸਿਰ ਅਤੇ ਭਰੋਸੇਮੰਦ ਸਹਾਇਤਾ, ਸਿਖਲਾਈ, ਸਰੋਤਾਂ ਅਤੇ ਮਾਹਰ ਸਲਾਹ ਦੇ ਨਾਲ, ਵਾਲੰਟੀਅਰ ਕਰਨ ਵਾਲੀਆਂ ਸਾਰੀਆਂ ਚੀਜ਼ਾਂ ਲਈ ਤੁਹਾਡਾ ਸਭ ਕੁਝ ਲਈ ਜਾਣਨ ਦਾ ਸਥਾਨ ਹੈ।

**ਜੋ ਤੁਸੀਂ ਲੱਭ ਰਹੇ ਹੋ ਉਹ ਨਹੀਂ ਲੱਭ ਪਾ ਰਹੇ?**

ਆਪਣੇ ਸਵਾਲਾਂ ਲਈ ਕਿਸੇ ਵੀ ਸਮੇਂ Volunteering Victoria ਦੀ ਟੀਮ ਨਾਲ info@volunteeringvictoria.org.au 'ਤੇ ਸੰਪਰਕ ਕਰੋ।

**Volunteering Victoriaਦੀ ਵੈੱਬਸਾਈਟ**

ਮੋਹਰੀ ਵਾਲੰਟੀਅਰਾਂ ਲਈ ਗਾਈਡਾਂ

ਵਾਲੰਟੀਅਰ ਸ਼ਮੂਲੀਅਤ ਲਈ ਰਾਸ਼ਟਰੀ ਮਿਆਰ

ਸਿਖਲਾਈ ਅਤੇ ਵਰਕਸ਼ਾਪਾਂ
*(ਕੁੱਝ **ਮੁਫ਼ਤ ਵਿੱਚ** ਪੇਸ਼ ਕੀਤੇ ਜਾਂਦੇ ਹਨ)*

ਵਾਲੰਟੀਅਰ ਮੈਨੇਜਰਾਂ ਲਈ ਰਾਸ਼ਟਰੀ ਗਿਆਨ ਅਧਾਰ

Service Victoria
Service.vic.gov.au

ਗ਼ੈਰ-ਮੁਨਾਫ਼ੇਕਾਰੀ ਸੰਸਥਾਵਾਂ ਲਈ ਵਾਲੰਟੀਅਰ ਪ੍ਰਬੰਧਨ ਗਾਈਡ

© Volunteering Victoria 2024| APR 2024 (ਸੰਸਕਰਣ 2) ਨੂੰ ਸਮੀਖਿਆ ਕੀਤੀ ਗਈ। Volunteering Victoria ਵਾਲੰਟੀਅਰ ਕੰਮਾਂ ਲਈ ਰਾਜ ਦੀ ਪੀਕ ਬਾਡੀ ਹੈ। ABN 79 378 017 212
ਇਹ ਲੇਖ ਸਿਰਫ਼ ਆਮ ਜਾਣਕਾਰੀ ਹੈ, ਕਾਨੂੰਨੀ ਸਲਾਹ ਨਹੀਂ ਹੈ। ਜੇਕਰ ਤੁਸੀਂ ਪੂਰੀ ਪੱਕੀ ਤਰ੍ਹਾਂ ਯਕੀਨੀ ਨਹੀਂ ਹੋ, ਤਾਂ ਹਮੇਸ਼ਾ ਆਪਣੀਆਂ ਲੋੜਾਂ ਦੇ ਸੰਬੰਧ ਵਿੱਚ ਕਿਸੇ ਕਾਨੂੰਨੀ ਪੇਸ਼ੇਵਰ ਨਾਲ ਸਲਾਹ ਕਰੋ। ਕਾਨੂੰਨੀ ਸਲਾਹ ਪ੍ਰਾਪਤ ਕਰਨ ਲਈ ਮਾਰਗਦਰਸ਼ਨ ਲੈਣ ਲਈ, ਜਸਟਿਸ ਕਨੈਕਟ - nfplaw.org.au 'ਤੇ ਜਾਓ।

ਇਸ ਸਰੋਤ ਦਾ ਅਨੁਵਾਦ Polaron Language Service (ਪੋਲਾਰਨ ਲੈਂਗੁਏਜ ਸਰਵਿਸ) ਦੁਆਰਾ ਕੀਤਾ ਗਿਆ ਹੈ। ਤੁਸੀਂ ਆਪਣਾ ਫੀਡਬੈਕ https://feedbacknow.services/ 'ਤੇ ਸਾਂਝਾ ਕਰ ਸਕਦੇ ਹੋ।